**ਨਮੂਨਾ,** ਇਹ ਪੰਨਾ ਸਿਰਫ਼ ਹਵਾਲੇ ਲਈ ਹੈ।

Employment Development Department
PO Box 2530
Rancho Cordova, CA 95741-2530

EDD Employment Development Department State of California

## ਪਛਾਣ ਦੀ ਤਸਦੀਕ ਲਈ ਬੇਨਤੀ

**EDD ਟੋਲ ਫ੍ਰੀ ਫ਼ੋਨ ਨੰਬਰ:**
1-866-401-2849

ਦਾਅਵੇਦਾਰ ਦਾ ਨਾਂ ਅਤੇ ਪਤਾ

SAMPLE CLIENT NAME
1234 SAMPLE ST.
ANY TOWN, CA 99999-9999

ਮੇਲ ਦੀ ਤਾਰੀਖ਼:

ਸਿਰਫ਼ ਦਫ਼ਤਰੀ ਵਰਤੋਂ ਲਈ:

ਪ੍ਰਭਾਵੀ ਤਾਰੀਖ਼:

### ਬੇਰੋਜ਼ਗਾਰੀ-ਸੰਬੰਧੀ ਫ਼ਾਇਦਿਆਂ ਲਈ ਲੋੜੀਂਦੀ ਪਛਾਣ ਦੀ ਤਸਦੀਕ

ਤੁਹਾਡੀ ਪਛਾਣ ਬਾਰੇ ਇੱਕ ਸਮੱਸਿਆ ਹੱਲ ਕੀਤੀ ਜਾਣੀ ਚਾਹੀਦੀ ਹੈ। ਤੁਹਾਨੂੰ ਧੋਖਾਧੜੀ ਵਾਲੀ ਸੰਭਾਵੀ ਗਤੀਵਿਧੀ ਤੋਂ ਬਚਾਉਣ ਲਈ ਸਾਨੂੰ ਤੁਹਾਡੀ ਪਛਾਣ ਦੀ ਤਸਦੀਕ ਕਰਨੀ ਪਵੇਗੀ। ਜਦਕਿ ਅਸੀਂ ਤੁਹਾਡੀ ਯੋਗਤਾ ਨਿਰਧਾਰਿਤ ਕਰਦੇ ਹਾਂ, ਫ਼ਾਇਦਿਆਂ ਲਈ ਇਹ ਪ੍ਰਮਾਣਿਤ ਕਰਨਾ ਜਾਰੀ ਰੱਖੋ ਕਿ ਕੀ ਤੁਸੀਂ ਅਜੇ ਵੀ ਬੇਰੁਜ਼ਗਾਰ ਹੋ ਜਾਂ ਘੱਟ ਘੰਟਿਆਂ ਲਈ ਕੰਮ ਕਰ ਰਹੇ ਹੋ।

ਜੇਕਰ ਤੁਸੀਂ ਇਸ ਦਾਅਵੇ ਲਈ ਕਦੇ ਵੀ ਭੁਗਤਾਨ ਪ੍ਰਾਪਤ ਨਹੀਂ ਕੀਤਾ ਹੈ, ਤਾਂ ਅਸੀਂ ਉਦੋਂ ਤੱਕ ਫ਼ਾਇਦਿਆਂ ਦੇ ਭੁਗਤਾਨ ਨੂੰ ਪ੍ਰੋਸੈਸ ਕਰਨ ਵਿੱਚ ਅਸਮਰੱਥ ਹੋਵਾਂਗੇ ਜਦੋਂ ਤੱਕ ਤੁਸੀਂ ਪਛਾਣ ਦੀ ਤਸਦੀਕ ਮੁਹੱਈਆ ਨਹੀਂ ਕਰਦੇ।

ਜੇਕਰ ਤੁਹਾਨੂੰ ਇਸ ਦਾਅਵੇ ਲਈ ਘੱਟੋ-ਘੱਟ ਇੱਕ ਭੁਗਤਾਨ ਪ੍ਰਾਪਤ ਹੋਇਆ ਹੈ, ਤਾਂ **ਨਵੀਂ ਸਮੱਸਿਆ ਅਜੇ ਵੀ ਹੱਲ ਕੀਤੀ ਜਾਣੀ ਚਾਹੀਦੀ ਹੈ।** ਜੇਕਰ ਅਸੀਂ ਦੋ ਹਫ਼ਤਿਆਂ ਦੇ ਅੰਦਰ ਤੁਹਾਡੀ ਯੋਗਤਾ ਨਿਰਧਾਰਿਤ ਕਰਨ ਵਿੱਚ ਅਸਮਰੱਥ ਰਹਿੰਦੇ ਹਾਂ, ਤਾਂ ਅਸੀਂ ਸ਼ਰਤੀਆ ਭੁਗਤਾਨ ਨੂੰ ਪ੍ਰੋਸੈਸ ਕਰਾਂਗੇ। ਜੇਕਰ ਬਾਅਦ ਵਿੱਚ ਸਾਨੂੰ ਇਹ ਪਤਾ ਲੱਗਦਾ ਹੈ ਕਿ ਤੁਸੀਂ ਉਨ੍ਹਾਂ ਫ਼ਾਇਦਿਆਂ ਲਈ ਅਯੋਗ ਹੋ ਤਾਂ ਤੁਹਾਨੂੰ ਕਿਸੇ ਵੀ ਸ਼ਰਤੀਆ ਭੁਗਤਾਨ ਨੂੰ ਵਾਪਸ ਕਰਨ ਦੀ ਲੋੜ ਹੋ ਸਕਦੀ ਹੈ।

### ਤੁਹਾਡੀ ਪਛਾਣ ਦੀ ਤਸਦੀਕ ਕਰਨਾ

ਸਾਨੂੰ ਤੁਹਾਡੀ ਪਛਾਣ, ਤੁਹਾਡੇ ਪਤੇ, ਜਨਮ ਦੀ ਤਾਰੀਖ਼ ਸਮੇਤ, ਅਤੇ ਇਸਦੀ ਤਸਦੀਕ ਕਰਨੀ ਪਵੇਗੀ ਕਿ ਤੁਹਾਡੇ ਦਾਅਵੇ ਵਿੱਚ ਨੌਂ-ਅੰਕਾਂ ਦਾ ਸਮਾਜਕ ਸੁਰੱਖਿਆ ਨੰਬਰ (SSN) ਉਹੀ ਹੈ ਜੋ ਸਮਾਜਕ ਸੁਰੱਖਿਆ ਪ੍ਰਬੰਧਨ (SSA) ਦੁਆਰਾ ਤੁਹਾਨੂੰ ਜਾਰੀ ਕੀਤਾ ਗਿਆ ਹੈ। **ਤੁਹਾਡੀ ਪਛਾਣ ਦੀ ਤਸਦੀਕ ਦੇ ਦਸਤਾਵੇਜ਼ਾਂ ਲਈ ਇਸ ਬੇਨਤੀ ਦੀ ਪਾਲਣਾ ਕਰਨ ਵਿੱਚ ਨਾਕਾਮ ਰਹਿਣ ਜਾਂ ਇਸ ਨੋਟਿਸ ਦੀ ਮੇਲ ਦੀ ਤਾਰੀਖ਼ ਤੋਂ ਬਾਅਦ 10 ਦਿਨਾਂ ਦੇ ਅੰਦਰ ਹੋਰ ਸਮਾਂ ਮੰਗਣ ਦੇ ਨਤੀਜੇ ਵਜੋਂ ਫ਼ਾਇਦਿਆਂ ਤੋਂ ਇਨਕਾਰ ਕੀਤਾ ਜਾ ਸਕਦਾ ਹੈ।** ਨੱਥੀ ਕੀਤਾ *ਪਛਾਣ ਦੀ ਤਸਦੀਕ ਲਈ ਸਵੀਕਾਰਯੋਗ ਦਸਤਾਵੇਜ਼* (DE 1326CD) ਪਛਾਣ ਦੀ ਤਸਦੀਕ ਲਈ ਸਵੀਕਾਰਯੋਗ ਦਸਤਾਵੇਜ਼ਾਂ ਦੇ ਵਿਸਤ੍ਰਿਤ ਉਦਾਹਰਨ ਪ੍ਰਦਾਨ ਕਰਦਾ ਹੈ। ਆਪਣੇ ਦਸਤਾਵੇਜ਼ ਜਮ੍ਹਾਂ ਕਰਨ ਦੇ ਤਰੀਕੇ ਬਾਰੇ ਹਿਦਾਇਤਾਂ ਲਈ ਇਸ ਨੋਟਿਸ ਦਾ ਪੰਨਾ 2 ਵੇਖੋ।

### ਕਿਰਪਾ ਕਰਕੇ ਹੇਠਾਂ ਦਿੱਤੇ ਗਏ ਢੁਕਵੇਂ ਖਾਨੇ ਵਿੱਚ ਨਿਸ਼ਾਨ ਲਗਾਓ:

☐ ਮੈਂ ਉੱਪਰ ਦਿੱਤੀ ਗਈ ਪ੍ਰਭਾਵੀ ਤਾਰੀਖ਼ ਨਾਲ ਇਹ ਦਾਅਵਾ ਦਾਇਰ ਕੀਤਾ **ਸੀ**। (*ਇਸ ਨੋਟਿਸ 'ਤੇ ਹੇਠਾਂ ਦਸਤਖ਼ਤ ਕਰ ਕੇ ਤਾਰੀਖ਼ ਪਾਓ ਅਤੇ ਇਸ ਨੋਟਿਸ ਦੇ ਪਿੱਛਲੇ ਪਾਸੇ ਦੱਸੇ ਗਏ ਪਛਾਣ ਦੀ ਤਸਦੀਕ ਦੇ ਬੇਨਤੀ ਕੀਤੇ ਦਸਤਾਵੇਜ਼ਾਂ ਸਮੇਤ, ਇਸਦੇ ਨਾਲ ਦਿੱਤੇ ਗਏ ਲਿਫ਼ਾਫ਼ੇ ਵਿੱਚ ਵਾਪਸ ਭੇਜੋ।*)

☐ ਮੈਂ ਉੱਪਰ ਦਿੱਤੀ ਗਈ ਪ੍ਰਭਾਵੀ ਤਾਰੀਖ਼ ਨਾਲ ਇਹ ਦਾਅਵਾ ਦਾਇਰ **ਨਹੀਂ** ਕੀਤਾ ਸੀ। (*ਇਸ ਨੋਟਿਸ 'ਤੇ ਹੇਠਾਂ ਦਸਤਖ਼ਤ ਕਰ ਕੇ ਤਾਰੀਖ਼ ਪਾਓ ਅਤੇ ਇਸਦੇ ਨਾਲ ਦਿੱਤੇ ਗਏ ਲਿਫ਼ਾਫ਼ੇ ਵਿੱਚ ਵਾਪਸ ਭੇਜੋ। EDD ਧੋਖਾਧੜੀ ਦੀਆਂ ਸਾਰੀਆਂ ਰਿਪੋਰਟਾਂ ਦੀ ਜਾਂਚ ਕਰਦਾ ਹੈ।*)

ਮੈਂ ਸਮਝਦਾ/ਸਮਝਦੀ ਹਾਂ ਜੇਕਰ ਮੈਂ ਫ਼ਾਇਦੇ ਹਾਸਿਲ ਕਰਨ ਲਈ ਗਲਤ ਬਿਆਨ ਦਿੰਦਾ/ਦਿੰਦੀ ਹਾਂ ਜਾਂ ਤੱਥਾਂ ਨੂੰ ਲੁਕਾਉਂਦਾ/ਲੁਕਾਉਂਦੀ ਹਾਂ ਤਾਂ ਕਨੂੰਨ ਵਿੱਚ ਜੁਰਮਾਨੇ ਦੀ ਵਿਵਸਥਾ ਹੈ। ਮੈਂ ਝੂਠੀ ਗਵਾਹੀ ਲਈ ਸਜ਼ਾ ਦੇ ਤਹਿਤ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੇਰੇ ਦੁਆਰਾ ਮੁਹੱਈਆ ਕੀਤੀ ਜਾ ਰਹੀ ਜਾਣਕਾਰੀ ਅਤੇ ਪੇਸ਼ ਕੀਤੇ ਜਾ ਰਹੇ ਦਸਤਾਵੇਜ਼ ਸੱਚੇ ਅਤੇ ਸਹੀ ਹਨ, ਅਤੇ ਮੇਰੇ ਨਾਲ ਸੰਬੰਧਿਤ ਹਨ।

| ਆਪਣਾ ਨਾਮ ਪ੍ਰਿੰਟ ਕਰੋ | ਦਸਤਖ਼ਤ (ਲੋੜੀਂਦੇ ਹਨ) | ਫ਼ੋਨ ਨੰਬਰ | ਤਾਰੀਖ਼ |
|---|---|---|---|
| | | | |

## ਤੁਹਾਡੀ ਪਛਾਣ ਦੀ ਤਸਦੀਕ ਦੇ ਦਸਤਾਵੇਜ਼ ਜਮ੍ਹਾਂ ਕਰਨ ਲਈ ਹਿਦਾਇਤਾਂ

ਪਛਾਣ ਦੀ ਤਸਦੀਕ ਲਈ ਸਵੀਕਾਰਯੋਗ ਦਸਤਾਵੇਜ਼ਾਂ ਦੇ ਵਿਸਤ੍ਰਿਤ ਉਦਾਹਰਨਾਂ ਲਈ ਨੱਥੀ ਕੀਤਾ *ਪਛਾਣ ਦੀ ਤਸਦੀਕ ਲਈ ਸਵੀਕਾਰਯੋਗ ਦਸਤਾਵੇਜ਼* (DE 1326CD) ਵੇਖੋ।

ਤੁਹਾਡੇ ਕੋਲ ਤਸਦੀਕ ਦੇ ਦਸਤਾਵੇਜ਼ ਜਮ੍ਹਾਂ ਕਰਨ ਲਈ ਦੋ ਵਿਕਲਪ ਹਨ:

- **UI Online[SM]** - ਆਪਣੇ UI ਆਨਲਾਈਨ ਖਾਤੇ ਵਿੱਚ ਲੌਗ ਇਨ ਕਰੋ ਅਤੇ ਆਪਣੀ ਪਛਾਣ ਦੀ ਤਸਦੀਕ ਦੇ ਦਸਤਾਵੇਜ਼ ਪ੍ਰਦਾਨ ਕਰਨ ਲਈ ਹੋਮਪੇਜ ’ਤੇ ਦਸਤਾਵੇਜ਼ ਅਪਲੋਡ ਕਰੋ ਨੂੰ ਚੁਣੋ। ਇਹ ਦਸਤਾਵੇਜ਼ ਪ੍ਰਦਾਨ ਕਰਨ ਦਾ ਸਭ ਤੋਂ ਤੇਜ਼ ਅਤੇ ਸਭ ਤੋਂ ਸੁਰੱਖਿਅਤ ਤਰੀਕਾ ਹੈ।
- **ਮੇਲ** - ਜੇਕਰ ਤੁਸੀਂ ਆਪਣੇ ਦਸਤਾਵੇਜ਼ ਅਪਲੋਡ ਨਹੀਂ ਕਰ ਸਕਦੇ, ਤਾਂ ਸਾਨੂੰ ਲੋੜੀਂਦੇ ਦਸਤਾਵੇਜ਼ਾਂ ਦੀ ਇੱਕ ਕਾਪੀ ਡਾਕ ਰਾਹੀਂ ਭੇਜੋ। ਇਸ ਨੋਟਿਸ ਦੇ ਪੰਨਾ 1 ’ਤੇ **ਦਸਤਖ਼ਤ ਕਰੋ** ਅਤੇ ਇਸਦੇ ਨਾਲ ਦਿੱਤੇ ਗਏ ਵਾਪਸੀ ਦੇ ਲਿਫ਼ਾਫ਼ੇ ਵਿੱਚ ਤਸਦੀਕ ਦੇ ਦਸਤਾਵੇਜ਼ਾਂ ਸਮੇਤ ਵਾਪਸ ਭੇਜੋ। ਲਿਫ਼ਾਫ਼ੇ ਵਿੱਚ ਕੋਈ ਹੋਰ EDD ਫ਼ਾਰਮ ਵਾਪਸ ਨਾ ਭੇਜੋ।

  **ਮਹੱਤਵਪੂਰਨ:** ਡਾਕ ਰਾਹੀਂ ਭੇਜੇ ਜਾਣ ਵਾਲੇ ਸਾਰੇ ਦਸਤਾਵੇਜ਼ਾਂ ਵਿੱਚ ਆਪਣਾ ਪੂਰਾ ਸਮਾਜਕ ਸੁਰੱਖਿਆ ਨੰਬਰ ਸ਼ਾਮਲ ਕਰੋ।

### ਵਾਧੂ ਸਮੇਂ ਲਈ ਬੇਨਤੀ ਕਰੋ

ਤੁਹਾਨੂੰ ਦਸਤਾਵੇਜ਼ ਇਕੱਠੇ ਕਰਨ ਜਾਂ ਕਿਸੇ ਨੁਮਾਇੰਦੇ ਦੀ ਸਲਾਹ ਪ੍ਰਾਪਤ ਕਰਨ ਲਈ ਹੋਰ ਸਮਾਂ ਮੰਗਣ ਦਾ ਹੱਕ ਹੈ। ਜੇਕਰ ਤੁਹਾਨੂੰ ਜ਼ਿਆਦਾ ਸਮੇਂ ਦੀ ਲੋੜ ਹੈ, ਤਾਂ ਤੁਹਾਨੂੰ ਫ਼ੋਨ ਰਾਹੀਂ **ਸਾਡੇ ਨਾਲ ਸੰਪਰਕ ਕਰਨਾ ਪਵੇਗਾ** ਜਾਂ ਇਸ ਨੋਟਿਸ ਦੀ ਮੇਲ ਦੀ ਤਾਰੀਖ਼ ਤੋਂ ਬਾਅਦ **10 ਦਿਨਾਂ ਦੇ ਅੰਦਰ** ਪੰਨਾ 1 ’ਤੇ ਦਿੱਤੇ ਗਏ ਪਤੇ/ਫ਼ੋਨ ਨੰਬਰ ’ਤੇ ਮੇਲ ਭੇਜਣੀ ਪਵੇਗੀ। ਜੇਕਰ 10-ਦਿਨਾਂ ਦੀ ਸਮੇਂ-ਸੀਮਾ ਖ਼ਤਮ ਹੋਣ ਤੱਕ ਸਾਨੂੰ ਤੁਹਾਡੇ ਲੋੜੀਂਦੇ ਦਸਤਾਵੇਜ਼ ਪ੍ਰਾਪਤ ਨਹੀਂ ਹੁੰਦੇ, ਜਾਂ ਵਾਧੂ ਸਮੇਂ ਲਈ ਬੇਨਤੀ ਨਹੀਂ ਕੀਤੀ ਗਈ ਸੀ, ਤਾਂ ਫ਼ਾਇਦਿਆਂ ਤੋਂ ਇਨਕਾਰ ਕਰ ਦਿੱਤਾ ਜਾਵੇਗਾ।

### ਪਛਾਣ ਦੀ ਤਸਦੀਕ ਨਾਲ ਜੁੜੀਆਂ ਆਮ ਗਲਤੀਆਂ

- ਤੁਹਾਡੇ ਦੁਆਰਾ ਆਪਣਾ ਦਾਅਵਾ ਦਾਇਰ ਕਰਨ ਵੇਲੇ ਮੁਹੱਈਆ ਕੀਤੀ ਗਈ **ਜਨਮ ਦੀ ਤਾਰੀਖ਼** SSA ਅਤੇ/ਜਾਂ ਡਿਪਾਰਟਮੈਂਟ ਆਫ਼ ਮੋਟਰ ਵੀਹਿਕਲਸ (DMV) ਵਿੱਚ ਮੌਜੂਦ ਜਨਮ ਦੀ ਤਾਰੀਖ਼ ਤੋਂ ਵੱਖਰੀ ਹੈ।
- ਤੁਹਾਡੇ ਦੁਆਰਾ ਆਪਣਾ ਦਾਅਵਾ ਦਾਇਰ ਕਰਨ ਵੇਲੇ ਮੁਹੱਈਆ ਕੀਤਾ ਗਿਆ **ਨਾਂ**SSA ਜਾਂ DMV ਵਿੱਚ ਮੌਜੂਦ ਨਾਂ ਤੋਂ ਵੱਖਰਾ ਹੈ। ਹੋ ਸਕਦਾ ਹੈ ਤੁਸੀਂ ਆਪਣਾ ਨਾਂ ਬਦਲਿਆ ਹੋਵੇ ਅਤੇ SSA ਅਤੇ/ਜਾਂ DMV ਨੂੰ ਸੂਚਿਤ ਨਾ ਕੀਤਾ ਹੋਵੇ।
- ਤੁਹਾਡੇ ਦੁਆਰਾ ਆਪਣਾ ਦਾਅਵਾ ਦਾਇਰ ਕਰਨ ਵੇਲੇ ਮੁਹੱਈਆ ਕੀਤਾ ਗਿਆ **SSN** ਗਲਤ ਹੈ। ਹੋ ਸਕਦਾ ਹੈ ਤੁਸੀਂ ਨੰਬਰ ਭੁੱਲ ਗਏ ਹੋਵੋ, ਜਾਂ ਆਪਣਾ ਬੇਰੁਜ਼ਗਾਰੀ ਦਾਅਵਾ ਦਾਇਰ ਕਰਨ ਵੇਲੇ ਜਾਂ ਆਪਣੇ ਮਾਲਕ ਨੂੰ ਉਹ ਮੁਹੱਈਆ ਕਰਨ ਵੇਲੇ ਨੰਬਰ ਤਬਦੀਲ ਕਰ ਦਿੱਤਾ ਹੋਵੇ।

ਅਸੀਂ SSA ਜਾਂ DMV ਜਾਣਕਾਰੀ ਨੂੰ ਅਪਡੇਟ ਨਹੀਂ ਕਰਦੇ। ਜੇਕਰ ਤੁਹਾਡੇ ਦੁਆਰਾ ਤੁਹਾਡੀ SSA ਸਟੇਟਮੈਂਟ, ਡ੍ਰਾਈਵਰ ਲਸੰਸ ਜਾਂ ਫ਼ੋਟੋ ਪਛਾਣ ਕਾਰਡ ਦੀ ਸਮੀਖਿਆ ਦੇ ਅਧਾਰ ’ਤੇ SSA ਜਾਂ DMV ਵਿੱਚ ਵਰਤੀ ਜਾਣ ਵਾਲੀ ਤੁਹਾਡੀ **ਜਨਮ ਦੀ ਤਾਰੀਖ਼** ਜਾਂ **ਨਾਂ** ਗਲਤ ਹੈ, ਤਾਂ ਤਬਦੀਲੀ(ਆਂ) ਕਰਨ ਲਈ ਸਿੱਧਾ SSA ਜਾਂ DMV ਨਾਲ ਸੰਪਰਕ ਕਰੋ। ਪਛਾਣ ਦੀ ਤਸਦੀਕ ਦੀ ਸਮੱਸਿਆ ਨੂੰ ਹੱਲ ਕਰਨ ਲਈ, ਇਸ ਨੋਟਿਸ ਦੀ ਮੇਲ ਦੀ ਤਾਰੀਖ਼ ਤੋਂ ਬਾਅਦ 10 ਦਿਨਾਂ ਦੇ ਅੰਦਰ ਸਾਨੂੰ ਕੋਈ ਵੀ ਉਪਲਬਧ ਦਸਤਾਵੇਜ਼ ਜਮ੍ਹਾਂ ਕਰਨਾ ਜਾਰੀ ਰੱਖੋ। ਅਪਡੇਟ ਕੀਤੇ ਗਏ ਦਸਤਾਵੇਜ਼ਾਂ ਦੀਆਂ ਕਾਪੀਆਂ ਉਪਲਬਧ ਹੁੰਦੇ ਹੀ ਸਾਨੂੰ ਉਹ ਪ੍ਰਦਾਨ ਕਰੋ।

### ਕਨੂੰਨੀ ਹਵਾਲੇ

ਕੈਲੀਫ਼ੋਰਨੀਆ ਬੇਰੁਜ਼ਗਾਰੀ ਬੀਮਾ ਕੋਡ (CUIC) ਦੇ ਸੈਕਸ਼ਨ 1253(ਏ) ਵਿੱਚ ਕਿਹਾ ਗਿਆ ਹੈ ਕਿ ਫ਼ਾਇਦਿਆਂ ਲਈ ਸਾਰੇ ਦਾਅਵੇ EDD ਦੇ ਵਿਨਿਯਮਾਂ ਦੇ ਮੁਤਾਬਕ ਦਾਇਰ ਕੀਤੇ ਜਾਣੇ ਚਾਹੀਦੇ ਹਨ। CUIC ਦੇ ਸੈਕਸ਼ਨ 1257(ਏ) ਵਿੱਚ ਕਿਹਾ ਗਿਆ ਹੈ ਜੇਕਰ ਕੋਈ ਵਿਅਕਤੀ ਫ਼ਾਇਦੇ ਪ੍ਰਾਪਤ ਕਰਨ ਲਈ EDD ਨੂੰ ਗਲਤ ਜਾਣਕਾਰੀ ਦਿੰਦਾ ਹੈ, ਤਾਂ ਉਸ ਵਿਅਕਤੀ ’ਤੇ ਜੁਰਮਾਨਾ ਲਗਾਇਆ ਜਾ ਸਕਦਾ ਹੈ। ਟਾਈਟਲ 22, ਕੈਲੀਫੋਰਨੀਆ ਕੋਡ ਆਫ਼ ਰੈਗੂਲੇਸ਼ਨਜ਼, ਸੈਕਸ਼ਨ 1326-2 (ਬੀ)(2)(ਏ) ਵਿੱਚ ਕਿਹਾ ਗਿਆ ਹੈ ਕਿ ਜੇਕਰ EDD ਇਹ ਦਰਸ਼ਾਉਂਦਾ ਹੈ ਕਿ SSN ਕਿਸੇ ਹੋਰ ਵਿਅਕਤੀ ਨਾਲ ਸਬੰਧਿਤ ਹੋ ਸਕਦਾ ਹੈ ਜਾਂ ਇੱਕ ਵੈਧ ਨੰਬਰ ਨਹੀਂ ਹੈ, ਤਾਂ EDD ਵੱਲੋਂ ਕਿਸੇ ਦਾਅਵੇਦਾਰ ਲਈ SSN ਦੀ ਤਸਦੀਕ ਕਰਨੀ ਜ਼ਰੂਰੀ ਹੋ ਸਕਦੀ ਹੈ ਕਿ ਉਹ SSA ਦੁਆਰਾ ਜਾਰੀ ਕੀਤਾ ਗਿਆ ਨੰਬਰ ਹੀ ਹੈ।